# ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

**ਨੇੜੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ-3ਬੀ-1, ਮੁਹਾਲੀ।**

**ਵੈਬਸਾਈਟ**www.educationrecruitmentboard.com **ਫੋਨ ਨੰ: 0172-3115378**

---

**ਜਨਤਕ ਨਿਯੁਕਤੀਆਂ**

ਵਿਗਿਆਪਨ ਨੰ:ਈ-62712/2025177874 ਮਿਤੀ:26.06.2025

ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਦੇ ਦਫਤਰ ਵਿਖੇ ਤਿੰਨ ਲੀਗਲ ਰਿਟੇਨਰ ਰੱਖੇ ਜਾਣੇ ਹਨ। ਇਨ੍ਹਾਂ ਅਸਾਮੀਆਂ ਲਈ ਚਾਹਵਾਨ ਉਮੀਦਵਾਰਾਂ ਤੋਂ ਪ੍ਰਤੀ ਬੇਨਤੀਆਂ ਦੀ ਮੰਗ ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਲਈ ਨਿਯਮ ਅਤੇ ਸ਼ਰਤਾਂ ਹੇਠ ਲਿਖੇ ਅਨੁਸਾਰ ਹੋਣਗੀਆਂ:

**ਵਿੱਦਿਅਕ / ਪੇਸ਼ੇਵਰ ਯੋਗਤਾ ਅਤੇ ਹੋਰ ਸ਼ਰਤਾਂ :**

1. ਉਮੀਦਵਾਰ ਨੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਘੱਟੋਂ-ਘੱਟ Bachelor degree of Law ਕੀਤੀ ਹੋਵੇ।
2. ਉਮੀਦਵਾਰ ਸਿਵਲ/ ਜਿਲ੍ਹਾ/ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਬਤੌਰ ਵਕੀਲ ਪ੍ਰੈਕਟਿਸ ਕਰਦਾ ਹੋਵੇ ਅਤੇ ਉਹ ਐਡਵੋਕੇਟ ਐਕਟ ਦੇ ਤਹਿਤ ਬਾਰ ਕੌਂਸਲ ਨਾਲ ਰਜਿਸਟਰਡ ਹੋਵੇ ਅਤੇ ਉਸ ਕੋਲ ਵਕਾਲਤ ਕਰਨ ਦਾ ਵੈਲਿਡ ਲਾਇਸੈਂਸ ਹੋਵੇ।
3. ਉਮੀਦਵਾਰ ਕੋਲ ਸਰਵਿਸ ਮੈਟਰ ਦੇ ਕੇਸਾਂ ਨੂੰ ਕੋਰਟ ਵਿੱਚ ਡੀਲ ਕਰਨ ਦਾ ਘੱਟੋਂ-ਘੱਟ ਤਿੰਨ ਸਾਲ ਦਾ ਤਜਰਬਾ ਹੋਵੇ।
4. ਉਮੀਦਵਾਰ ਭਾਰਤ ਦਾ ਨਾਗਰਿਕ ਹੋਵੇ।
5. ਉਮੀਦਵਾਰ ਨੇ ਦਸਵੀਂ ਪੱਧਰ ਦੀ ਪੰਜਾਬੀ ਭਾਸ਼ਾ ਪਾਸ ਕੀਤੀ ਹੋਵੇ।
6. ਉਮੀਦਵਾਰ ਦੀ ਉਮਰ ਅਰਜੀਆਂ ਪ੍ਰਾਪਤ ਹੋਣ ਦੀ ਆਖਰੀ ਮਿਤੀ ਤੱਕ 65 ਸਾਲ ਤੋ ਜਿਆਦਾ ਨਾ ਹੋਵੇ।
7. ਲੀਗਲ ਰਿਟੇਨਰ ਨੂੰ ਵਿੱਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ 35,000/- ਰੁਪਏ ਬੱਝਵਾਂ ਪ੍ਰਤੀ ਮਹੀਨਾ ਮਿਹਨਤਾਨਾ ਦਿੱਤਾ ਜਾਵੇਗਾ।
8. ਇਸ ਅਸਾਮੀ ਦੀ ਨਿਯੁਕਤੀ ਦੀ ਮਿਆਦ ਪਹਿਲਾਂ ਇੱਕ ਸਾਲ ਦੀ ਹੋਵੇਗੀ। ਇੱਕ ਸਾਲ ਬਾਅਦ ਲੀਗਲ ਰਿਟੇਨਰ ਦੇ ਕੰਮ ਅਤੇ ਆਚਰਨ ਨੂੰ ਦੇਖਦੇ ਹੋਏ ਨਿਯੁਕਤੀ ਦੀ ਮਿਆਦ ਵਿੱਚ ਵਾਧਾ ਕੀਤਾ ਜਾ ਸਕਦਾ ਹੈ।
9. ਲੀਗਲ ਰਿਟੇਨਰ ਨੂੰ ਇੱਕ ਮਹੀਨੇ ਦਾ ਨੋਟਿਸ ਦੇ ਕੇ ਉਸ ਦੀਆਂ ਸੇਵਾਵਾਂ ਸਮਾਪਤ ਕੀਤੀਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ ਲੀਗਲ ਰਿਟੇਨਰ ਵੀ ਇੱਕ ਮਹੀਨੇ ਦਾ ਨੋਟਿਸ ਦੇ ਕੇ ਸੇਵਾ-ਮੁਕਤ ਹੋ ਸਕਦਾ ਹੈ।
10. ਉਮੀਦਵਾਰ ਇਸ ਇਸ਼ਤਿਹਾਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਆਪਣੀ ਪ੍ਰਤੀ ਬੇਨਤੀ ਭੇਜੇਗਾ ਅਤੇ ਆਪਣੀ ਪ੍ਰਤੀ ਬੇਨਤੀ ਦੇ ਨਾਲ ਆਪਣੇ ਸਾਰੇ ਵਿੱਦਿਅਕ /ਪੇਸ਼ੇਵਰ ਯੋਗਤਾ ਦੇ ਦਸਤਾਵੇਜਾਂ ਦੀਆਂ ਕਾਪੀਆਂ , ਆਪਣੇ ਲਾਇਸੈਂਸ ਦੀ ਕਾਪੀ ਅਤੇ ਤਜਰਬਾ ਸਰਟੀਫਿਕੇਟ ਦੀ ਕਾਪੀ ਆਦਿ ਜੋ ਕਿ ਸੈਲਫ ਅਟੈਸਟ ਹੋਵੇ ਆਪਣੀ ਪ੍ਰਤੀ ਬੇਨਤੀ ਨਾਲ ਨੱਥੀ ਕਰਕੇ ਭੇਜੇਗਾ।

11. ਉਮੀਦਵਾਰ ਮਿਤੀ 11.07.2025 ਸ਼ਾਮ 5.00 ਵਜੇ ਤੱਕ ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਨੇੜੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਸਕੂਲ ਆਫ ਐਮੀਨੈਂਸ) ਫੇਜ਼-3ਬੀ1, ਐਸ.ਏ.ਐਸ. ਨਗਰ ਵਿਖੇ ਅਰਜੀਆਂ ਦੇ ਸਕਦੇ ਹਨ। ਜਿਨ੍ਹਾਂ ਉਮੀਦਵਾਰਾਂ ਵੱਲੋਂ ਡਾਕ ਰਾਹੀਂ ਅਰਜੀਆਂ ਭੇਜੀਆਂ ਜਾਣੀਆਂ ਹਨ, ਉਹ ਲਿਫਾਫੇ ਉੱਪਰ ਅਸਾਮੀ ਦਾ ਨਾਮ ਦਰਜ ਕਰਕੇ ਰਜਿਸਟਰਡ ਡਾਕ ਰਾਹੀਂ ਇਸ ਦਫਤਰ ਵਿਖੇ ਭੇਜਣਗੇ। ਅਜਿਹੀਆਂ ਡਾਕ ਰਾਹੀਂ ਪ੍ਰਾਪਤ ਅਰਜੀਆਂ ਵੀ ਮਿਤੀ 11.07.2025 ਤੱਕ ਦਫਤਰ ਵਿਖੇ ਪਹੁੰਚਣੀਆਂ ਲਾਜ਼ਮੀ ਹੋਣਗੀਆਂ। ਇਸ ਉਪਰੰਤ ਪ੍ਰਾਪਤ ਹੋਣ ਵਾਲ਼ੀਆਂ ਅਰਜੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਈ ਮੇਲ ਰਾਹੀ ਕੋਈ ਅਰਜੀ ਸਵੀਕਾਰ ਨਹੀ ਕੀਤੀ ਜਾਵੇਗੀ।

ਸਹੀ/-

ਸਹਾਇਕ **ਡਾਇਰੈਕਟਰ**,

**ਸਿੱਖਿਆ ਭਰਤੀ ਡਾਇਰੈਕਟੋਰੇਟ**, **ਪੰਜਾਬ**

# ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

ਨੇੜੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ-3ਬੀ-1, ਮੁਹਾਲੀ।

ਵੈਬਸਾਈਟwww.educationrecruitmentboard.com ਫੋਨ ਨੰ: 0172-3115378

---

**ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਲਈ ਲੀਗਲ ਰਿਟੇਨਰ ਦੀ ਅਸਾਮੀ ਲਈ ਪ੍ਰਤੀ ਬੇਨਤੀ**

1. ਉਮੀਦਵਾਰ ਦਾ ਨਾਮ: ..........................................
2. ਉਮੀਦਵਾਰ ਦੇ ਪਿਤਾ ਦਾ ਨਾਮ: ................................
3. ਉਮੀਦਵਾਰ ਦਾ ਮੌਜੂਦਾ ਪਤਾ:.......................................................
   ................................................................................................
4. ਉਮੀਦਵਾਰ ਦਾ ਪੱਕਾ ਪਤਾ: ........................................................
   ....................................................................................................
5. ਉਮੀਦਵਾਰ ਦੀ ਜਨਮ ਮਿਤੀ: .......................................................
6. ਉਮੀਦਵਾਰ ਦਾ ਫੋਨ ਨੰਬਰ............................................................
7. ਉਮੀਦਵਾਰ ਦੀ ਈ-ਮੇਲ ਆਈ.ਡੀ. ...................................................
8. ਬਾਰ ਕੌਂਸਲ ਦਾ ਰਜਿਸਟ੍ਰੇਸ਼ਨ ਨੰ. ਅਤੇ ਮਿਤੀ.........................................
9. ਉਮੀਦਵਾਰ ਦਾ ਦਸਵੀਂ ਪੱਧਰ ਦੀ ਪੰਜਾਬੀ ਪਾਸ ਹੋਣ ਦਾ ਵੇਰਵਾ (ਹਾਂ ਜਾਂ ਨਹੀਂ)
10. ਉਮੀਦਵਾਰ ਦੀਆਂ ਵਿੱਦਿਅਕ/ ਪੇਸ਼ੇਵਰ ਯੋਗਤਾਵਾਂ:

| ਲੜੀ ਨੰ. | ਵਿੱਦਿਅਕ ਕੋਰਸ | ਬੋਰਡ/ ਯੂਨੀਵਰਸਿਟੀ ਦਾ ਨਾਮ | ਪ੍ਰਾਪਤ ਅੰਕ | ਪ੍ਰਤੀਸ਼ਤ % |
|---|---|---|---|---|
| | | | | |
| | | | | |
| | | | | |
| | | | | |

11. ਉਮੀਦਵਾਰ ਦੇ ਤਜਰਬੇ ਦਾ ਵੇਰਵਾ: .......................................................................
    ....................................................................................................
12. ਕੋਈ ਹੋਰ ਸਬੰਧਤ ਸੂਚਨਾ: ...........................................................................

ਮਿਤੀ: ਹਸਤਾਖਰ

(ਉਮੀਦਵਾਰ ਦਾ ਨਾਮ)

**(ਇਸ਼ਤਿਹਾਰ ਵਿੱਚ ਦਰਸਾਏ ਅਨੁਸਾਰ ਸਾਰੇ ਦਸਤਾਵੇਜ ਉਮੀਦਵਾਰ ਵੱਲੋਂ ਇਸ ਫਾਰਮ ਦੇ ਨਾਲ ਖੁਦ ਤਸਦੀਕ ਕਰਕੇ ਨੱਥੀ ਕੀਤੇ ਜਾਣ।)**